BRAMPTON

Media Release

ਤੁਰੰਤ ਰਿਲੀਜ ਲਈ

# ਬ੍ਰੈਂਪਟਨ ਵਿੱਚ ਪ੍ਰਾਈਡ ਦਾ ਜਸ਼ਨ ਮਨਾਇਆ ਜਾ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (1 ਜੂਨ, 2022) – ਸਿਟੀ ਆਫ ਬ੍ਰੈਂਪਟਨ ਨੇ ਜੂਨ ਨੂੰ ਪ੍ਰਾਈਡ ਮੰਥ (Pride Month) ਵਜੋਂ ਮਾਨਤਾ ਦਿੱਤੀ ਹੈ। ਪ੍ਰਾਈਡ 2022 ਦਾ ਜਸ਼ਨ ਮਨਾਓ, ਜਿਸਨੂੰ ਟੀ.ਡੀ. (TD) ਵੱਲੋਂ, ਲਾਈਵ ਮਨੋਰੰਜਨ, ਲੋਕਲ ਫੂਡ ਵਿਕਰੇਤਾਵਾਂ ਆਦਿ ਦੇ ਨਾਲ, ਐਤਵਾਰ, 19 ਜੂਨ ਨੂੰ ਦੁਪਹਿਰ ਬਾਅਦ 2 ਵਜੇ ਤੋਂ ਸ਼ਾਮ 7 ਵਜੇ ਤੱਕ, ਗਾਰਡਨ ਸਕਵੇਅਰ (Garden Square) ਵਿੱਚ ਪੇਸ਼ ਕੀਤਾ ਜਾ ਰਿਹਾ ਹੈ।

ਬ੍ਰੈਂਪਟਨ ਦੇ ਵੰਨ-ਸੁਵੰਨੇ ਮੋਜੈਕ ਦਾ ਜਸ਼ਨ ਮਨਾਉਣ ਲਈ ਸਿਟੀ ਨਾਲ ਜੁੜੋ, ਕਮਿਉਨਿਟੀ ਨਾਲ ਕਨੈਕਟ ਕਰੋ ਅਤੇ ਅਜੇ ਤੱਕ ਵੀ, LGBTTIQQ2SA ਕਮਿਉਨਿਟੀ ਵੱਲੋਂ ਭੁਗਤੇ ਜਾ ਰਹੇ ਮੌਜੂਦਾ ਮੁੱਦਿਆਂ ਬਾਰੇ ਜਾਗਰੂਕਤਾ ਫੈਲਾਓ, ਖਾਸ ਕਰਕੇ ਜਦੋਂ ਇਹ ਇਸ ਸਾਲ ਦੇ ਥੀਮ, *ਜਸਟਿਸ ਇਜ ਜੋਇ (Justice is Joy)* ਨਾਲ ਸਬੰਧਿਤ ਹੈ।

ਪ੍ਰਾਈਡ, ਅੰਤਰਰਾਸ਼ਟਰੀ ਤੌਰ ਤੇ ਇੱਕ ਮਾਨਤਾ ਪ੍ਰਾਪਤ ਅੰਦੋਲਨ ਹੈ, ਜੋ ਦਇਆ ਅਤੇ ਹਮਦਰਦੀ ਦਾ ਜਸ਼ਨ ਮਨਾਉਂਦਾ ਹੈ। ਸਿਟੀ ਆਫ ਬ੍ਰੈਂਪਟਨ ਨੂੰ, ਵਿਅਕਤੀਗਤ ਕਾਰਜਕਰਮ ਨੂੰ ਵਾਪਸ ਪਰਤਦੇ ਦੇਖ ਕੇ ਖੁਸ਼ੀ ਹੋ ਰਹੀ ਹੈ, ਇਸ ਜਸ਼ਨ ਵਿੱਚ ਇਹ ਪੇਸ਼ ਕੀਤਾ ਜਾਵੇਗਾ:

- ਬ੍ਰੈਂਪਟਨ ਦੇ ਲੋਕਲ ਕਲਾਕਾਰਾਂ ਅਤੇ ਡੀ.ਜੇ. (DJ) ਵੱਲੋਂ ਲਾਈਵ ਸਟੇਜ ਪਰਫੌਰਮੈਂਸੇਜ;
- ਹਰਸ਼ੀਲ (Hasheel) x ਲੇਡੀ ਪਿਸਟਾ (Lady Pista) ਅਤੇ ਮੁੱਖ ਪ੍ਰਦਰਸ਼ਕ ਪ੍ਰਿਅੰਕਾ (Priyanka) ਵੱਲੋਂ ਲਾਈਵ ਸਟੇਜ ਪਰਫੌਰਮੈਂਸੇਜ;
- ਸਟੋਰੀ ਟਾਈਮ ਦਾ ਮਜ਼ਾ ਲਵੋ ਅਤੇ ਫੇ ਐਂਡ ਫਲਫੀ (Fay & Fluffy) ਨਾਲ ਮੁਲਾਕਾਤ ਕਰੋ;
- ਲੋਕਲ ਕਮਿਉਨਿਟੀ ਭਾਈਵਾਲਾਂ ਦੇ ਜਾਣਕਾਰੀ ਬੂਥ;
- ਡਾਉਨਟਾਉਨ ਬ੍ਰੈਂਪਟਨ (Downtown Brampton) ਦੇ ਲੋਕਲ ਰੈਸਟੋਰੈਂਟਾਂ ਨਾਲ ਫੂਡ ਸਬੰਧੀ ਭਾਈਵਾਲੀਆਂ;
- ਮੁਫਤ ਚੀਜ਼ਾਂ ਅਤੇ ਔਨ-ਸਾਈਟ ਐਕਟੀਵੇਸ਼ਨਸ; ਅਤੇ
- ਦ ਰੋਜ਼ ਪੈਟਿਓ (The Rose Patio) ਤੇ ਆਫਟਰ ਪਾਰਟੀ, ਜਿਸ ਵਿੱਚ ਸ਼ਾਮ 7 ਵਜੇ ਤੋਂ ਰਾਤ 9 ਵਜੇ ਤੱਕ ਲੇਡੀ ਪਿਸਟਾ ਦੀ ਪੇਸ਼ਕਸ਼ ਹੋਵੇਗੀ।

ਪ੍ਰਾਈਡ 2022 ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ, brampton.ca/pride ਤੇ ਜਾਓ।

**ਹਵਾਲੇ**

"ਮੈਨੂੰ, ਸਾਡੇ ਵਿਅਕਤੀਗਤ ਪ੍ਰਾਈਡ ਜਸ਼ਨ ਨੂੰ ਵਾਪਸ ਪਰਤਦੇ ਦੇਖ ਕੇ ਬੇਹੱਦ ਖੁਸ਼ੀ ਹੋ ਰਹੀ ਹੈ। ਕਮਿਉਨਿਟੀ ਦਾ ਮਨੋਰੰਜਨ ਕਰਨ, ਜਸ਼ਨ ਮਨਾਉਣ ਅਤੇ ਉਹਨਾਂ ਦਾ ਸ਼ਕਤੀਕਰਨ ਕਰਨ ਲਈ ਸਾਡੇ ਕੋਲ ਕਈ ਤਰ੍ਹਾਂ ਦੀ ਪ੍ਰੋਗਰਾਮਿੰਗ ਅਤੇ ਪਰਫੌਰਮਰ ਹਨ।"

- *ਪੈਟਰਿਕ ਬ੍ਰਾਉਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਪ੍ਰਾਈਡ, ਸਾਡੀ LGBTTIQQ2SA ਕਮਿਉਨਿਟੀ ਬਾਰੇ ਜਾਣਕਾਰੀ ਪ੍ਰਾਪਤ ਕਰਨ, ਉਹਨਾਂ ਦਾ ਜਸ਼ਨ ਮਨਾਉਣ ਅਤੇ ਹਿਮਾਇਤ ਕਰਨ ਦਾ ਇੱਕ ਸ਼ਾਨਦਾਰ ਮੌਕਾ ਹੈ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ 19 ਜੂਨ ਨੂੰ ਇਸ ਸਾਲ ਦੇ ਵਿਅਕਤੀਗਤ ਕਾਰਜਕਰਮ ਵਿੱਚ ਹਿੱਸਾ ਲਵੋ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ, ਆਪਣੇ ਵੰਨ-ਸੁਵੰਨੇ ਮੋਜੈਕ ਦੀ ਹਿਮਾਇਤ ਕਰਨ ਅਤੇ ਇਸਦਾ ਜਸ਼ਨ ਮਨਾਉਣ ਲਈ ਵਚਨਬੱਧ ਹੈ। ਸਾਡੀ ਟੀਮ ਨੇ ਇੱਕ ਮਜ਼ੇਦਾਰ ਅਤੇ ਵਿਚਾਰਸ਼ੀਲ ਕਾਰਜਕਰਮਾਂ ਵਾਲਾ ਪ੍ਰੋਗਰਾਮ ਤਿਆਰ ਕੀਤਾ ਹੈ ਅਤੇ ਅਸੀਂ ਸਾਡੇ ਵਿਅਕਤੀਗਤ ਪ੍ਰਾਈਡ ਕਾਰਜਕਰਮ ਵਿੱਚ ਫਿਰ ਹਰ ਕਿਸੇ ਦਾ ਸੁਆਗਤ ਕਰਨ ਲਈ ਉਤਸ਼ਾਹਿਤ ਹਾਂ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca